ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

# ਸੱਭਿਆਚਾਰਕ ਪਛਾਣ ਦਾ ਸੁਆਲ, ਉੱਤਰਆਧੁਨਿਕ ਚਿੰਤਨ ਅਤੇ ਨਵੀਂ ਪੰਜਾਬੀ ਕਵਿਤਾ



ਪ੍ਰੋ. ਗੁਰਦੀਪ ਸਿੰਘ ਢਿੱਲੋਂ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਗੁਰੂ ਨਾਨਕ ਖਾਲਸਾ ਕਾਲਜ ਬੁਢਲਾਡਾ
+91 62804-77383

ਪਹਿਲਾਂ ਉਹ ਆਏ ਕਮਿਊਨਿਸਟਾਂ ਦੇ ਲਈ
ਮੈਂ ਚੁੱਪ ਰਿਹਾ, ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ
ਫਿਰ ਉਹ ਆਏ ਟ੍ਰੇਡ ਯੂਨੀਅਨਿਸਟਾਂ ਲਈ
ਮੈਂ ਚੁੱਪ ਰਿਹਾ ਕਿਉਂਕਿ ਮੈਂ ਟ੍ਰੇਡ ਯੂਨੀਅਨਿਸਟ ਨਹੀਂ ਸੀ
ਫਿਰ ਉਹ ਯਹੂਦੀਆਂ ਲਈ ਆਏ
ਮੈਂ ਚੁੱਪ ਰਿਹਾ ਕਿਉਂਕਿ ਮੈਂ ਯਹੂਦੀ ਨਹੀਂ ਸੀ
ਫਿਰ ਉਹ ਆਏ ਮੇਰੇ ਲਈ
ਹੁਣ ਬੋਲਣ ਲਈ ਕੋਈ ਬਚਿਆ ਹੀ ਨਹੀਂ ਸੀ।[1]

ਮਾਰਟਿਨ ਨੀਮੋਲਰ ਦੀ ਕਹੀ ਗੱਲ ਚੇਤੇ ਆ ਰਹੀ ਹੈ ਜਿੱਥੋਂ 'ਪਛਾਣਾਂ' ਦੇ ਪੱਖ ਤੋਂ 'ਸੱਭਿਆਚਾਰਕ ਪਛਾਣ' ਨੂੰ ਸਮਝਣਾ ਥੋੜ੍ਹਾ ਸੌਖਾ ਹੈ। ਭਾਵੇਂ ਇਹ ਕਵਿਤਾ ਸਾਨੂੰ ਕੁਝ ਸ਼ਬਦਾਂ ਦੇ ਹੇਰ ਫੇਰ ਨਾਲ ਬਹੁਤ ਥਾਵਾਂ ਤੇ ਮਿਲਦੀ ਹੈ। ਇੱਥੇ ਮੈਂ ਵਿੱਕੀਪੀਡੀਆ ਤੋਂ ਪ੍ਰਾਪਤ ਕਵਿਤਾ ਲੈ ਰਿਹਾ ਹਾਂ। ਏਥੇ ਇਹ ਕਵਿਤਾ ਸਿਰਫ ਇਸ ਕਰਕੇ ਦਿੱਤੀ ਹੈ ਤਾਂ ਜੋ 'ਪਛਾਣਾਂ' ਦੇ ਪੱਖ ਤੋਂ 'ਸੱਭਿਆਚਾਰਕ ਪਛਾਣ' ਨੂੰ ਸਮਝਣਾ ਸੌਖਾ ਹੋ ਜਾਵੇ। ਜਦੋਂ ਅਸੀਂ ਇੱਕੀਵੀਂ ਸਦੀ ਦੀ ਕਵਿਤਾ ਨੂੰ ਪੜ੍ਹਦੇ ਹਾਂ ਤਾਂ ਸਾਡੇ ਸਾਹਮਣੇ ਇਹ ਮਸਲਾ ਬਹੁਤ ਗੰਭੀਰ ਹੈ ਜਿਸ ਤੇ ਲੱਗਭਗ ਨਾ ਮਾਤਰ ਸੰਵਾਦ ਹੈ। ਮੂਲ ਮਸਲਾ 'ਸੱਭਿਆਚਾਰਕ ਪਛਾਣ' ਦੇ ਉਸ ਵਿਚਾਰ ਦਾ ਹੈ ਜਿਸ ਕਰਕੇ ਕੋਈ ਖਿੱਤਾ ਆਪਣੀ ਹੋਂਦ/ਖਾਲਸਤਾ/ਮੌਲਿਕਤਾ ਨੂੰ ਅਗਾਂਹ ਤੋਰਦਾ ਹੈ। ਸਮਕਾਲੀ ਪੰਜਾਬੀ ਕਵਿਤਾ ਜਿਸ ਮੂਲ/ਪਛਾਣ/ਮੌਲਿਕਤਾ ਨਾਲ ਵਰ ਮੇਚ ਰਹੀ ਹੈ, ਉਹ ਸਮੁੱਚੇ ਵਿਸ਼ਵ ਦੀ ਇੱਕ 'ਸੱਭਿਆਚਾਰਕ ਪਛਾਣ' ਹੈ, ਜਿਸ ਦੀ ਮਾਨਵਤਾ ਅੰਦਰ ਖਾਸ ਤਰ੍ਹਾਂ ਦੀ ਮਿੱਥ ਹੈ ਜਿਹੜੀ ਇਕਹਿਰੇ ਰੂਪ ਵਿੱਚ 'ਮਾਨਵਤਾ' ਵਾਲੀ ਲੱਗ ਰਹੀ ਹੈ ਜਿਸਨੇ ਆਰਟੀਫੀਸ਼ੀਅਲ ਇੰਟੈਲੀਜੈਂਸੀ ਰਾਹੀਂ ਸਮੁੱਚੀ ਦੁਨੀਆਂ (ਕੁਝ ਕੁ ਨੂੰ ਛੱਡ ਕੇ, ਕਿਉਂਕਿ ਇਸ ਸਮੇਂ ਇਸ ਦਾ 'ਕਾਊਂਟਰ' ਸਾਹਮਣੇ ਆ ਰਿਹਾ ਹੈ) ਆਪਣੀ ਪ੍ਰਭਾਵ ਵਿੱਚ ਲੈ ਰਿਹਾ ਹੈ। ਇਹ ਮਿੱਥ ਦੇ ਮਾਇਨੇ ਅੰਦਰ ਕਿਸੇ ਖਿੱਤੇ ਦੀ 'ਸੱਭਿਆਚਾਰਕ ਪਛਾਣ' ਨੂੰ ਆਪਣੇ ਅੰਦਰ ਜਜ਼ਬ ਕਰਨ ਦੀ ਅਣ-ਕਿਆਸੀ ਖਿੱਚ ਹੈ। ਇਸ ਅਣ-ਕਿਆਸੀ ਖਿੱਚ ਦਾ ਛਲਾਵਾ ਪੰਜਾਬੀ ਸਿਰਜਕ ਨੂੰ ਆਪਣੇ ਖਿੱਤੇ ਦੀ 'ਸੱਭਿਆਚਾਰਕ ਪਛਾਣ' ਦੀ ਥਾਂ ਉਸ ਨੂੰ ਵੱਡੀ ਪਛਾਣ ਨਾਲ ਤੁਰਨ ਦੀ ਜਾਚ ਦੱਸਦਾ ਹੈ ਜਿੱਥੋਂ ਪੰਜਾਬੀ ਕਵਿਤਾ 'ਪੰਜਾਬ ਦੀ ਸੱਭਿਆਚਾਰਕ ਪਛਾਣ' ਜਾਂ 'ਪੰਜਾਬ ਦੀ ਕਵਿਤਾ' ਨਹੀਂ ਰਹਿੰਦੀ। ਜਿਹੜਾ ਪ੍ਰਵਚਨ ਉਸਾਰਿਆ ਹੈ ਉਸ ਅੰਦਰਲੀ ਦਾਰਸ਼ਨਿਕਤਾ ਵਿੱਚ

ਭਾਰੂ ਧਿਰ ਦੀ ਸੱਭਿਆਚਾਰਕ ਸ਼ਕਤੀ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਵਾਸਤਵਿਕਤਾ ਨੂੰ ਜਦੋਂ ਉਹ ਸੱਭਿਆਚਾਰਕ ਪਛਾਣਾਂ ਪੱਖੋਂ ਸਿਰਜਦੀ ਹੈ ਉਸ ਸਮੇਂ ਸ਼ਾਸਕੀ ਹਿੱਤ ਦੀ ਅਨੁਸਾਰੀ ਹੁੰਦੀ ਹੈ। ਉਹ ਪੰਜਾਬ ਨੂੰ ਮੁਖਾਤਿਬ ਹੁੰਦੀ ਵੀ ਹੈ ਉਸਦੀ ਬਣਤਰ ਅਤੇ ਧਰਾਤਲੀ ਪਹੁੰਚ ਵਿੱਚ ਗੌਰਵ ਦੀ ਥਾਂ ਨਕਾਰਮਿਕਤਾ ਹੈ। ਜਿਸ ਤਰ੍ਹਾਂ ਪਿਛਲੇ ਸਾਲਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਨਾਲ ਸਾਡੇ ਕੋਲ ਸਿਰਜਣਾ ਮਿਲਦੀ ਹੈ। ਦੂਜਾ ਪੰਜਾਬ ਦੀ ਧਰਾਤਲੀ ਪਹੁੰਚ ਜਿਸਨੂੰ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਸਮਝਿਆ ਨਹੀਂ ਜਾ ਸਕਦਾ, ਨੂੰ ਛੱਡ ਕੇ ਉਸਨੂੰ ਇਕਹਿਰੇ ਰੂਪ ਵਿੱਚ ਚਿਤਵਣਾ ਪੰਜਾਬ ਦਾ ਇਕਾਂਗੀ ਖਾਕਾ ਤਿਆਰ ਕਰਨਾ ਹੈ। ਸਾਡੇ ਸਾਹਮਣੇ ਇਸ ਪੱਖ ਤੋਂ ਵੱਡੇ ਸੁਆਲ ਹਨ। ਜਿੰਨਾਂ ਨਾਲ ਕਵਿਤਾ ਨਜਿੱਠ ਨਹੀਂ ਸਕਦੀ, ਇਨ੍ਹਾਂ ਦਾਰਸ਼ਨਿਕ ਅਤੇ ਸੱਭਿਆਚਾਰਕ ਸੁਆਲਾਂ ਨਾਲ ਨਜਿੱਠਣ ਲਈ ਲੰਮੀ ਕਵਿਤਾ ਜਾਂ ਮਹਾਂਕਾਵਿ ਵਰਗਾ ਰੂਪ ਹੀ ਸਿਰਜਣਾ ਪਵੇਗਾ। ਇਸ ਲਈ ਇਸ ਸਮੇਂ ਕਵਿਤਾ ਨੂੰ ਰੂਪਕ ਪੱਖ ਤੋਂ ਬਗਾਵਤ ਕਰਨੀ ਪੈਣੀ ਹੈ। ਪਿਛਲੇ ਸਾਲਾਂ ਵਿੱਚ ਪਾਲ ਕੌਰ ਨੇ ਅਜਿਹਾ ਕਰਨ ਦੀ ਪਹਿਲ ਕੀਤੀ ਹੈ। ਪਾਲ ਕੌਰ ਇਤਿਹਾਸਨਾਮਾ ਪੰਜਾਬ ਰਾਹੀਂ ਆਦਿ ਕਾਲ ਤੋਂ ਸਰਕਾਰ ਏ ਖਾਲਸਾ ਤੱਕ ਪਹੁੰਚਦੀ ਉਨ੍ਹਾਂ ਸਮਿਆਂ ਦੇ ਕਾਵਿ ਰੂਪਾਂ ਨੂੰ ਸਾਹਮਣੇ ਲ਼ਿਆਉਂਦੀ ਹੈ। ਇਸ ਲੰਮੀ ਕਵਿਤਾ ਵਿਚ ਪੰਜਾਬ ਨਾਲ ਸਬੰਧਿਤ ਬਹੁਤ ਸਾਰੇ ਦਾਰਸ਼ਨਿਕ ਸੁਆਲਾਂ ਨਾਲ ਉਹ ਨਜਿੱਠਦੀ ਹੈ। ਉਸਦਾ ਨਜਿੱਠਣਾ ਆਪਣੇ ਆਪ ਵਿੱਚ ਬਗਾਵਤ ਹੈ ਪਰ ਜਦੋਂ ਜਿਸ ਨੂੰ ਬਾਬਾ ਫਰੀਦ 'ਨੇਹੁ' ਆਖਦਾ ਹੈ ਉਸ ਦ੍ਰਿਸ਼ਟੀ ਤੋਂ ਘੱਟ ਨਜਿੱਠਦੀ ਹੈ। ਉਹ ਜਿਸ ਪ੍ਰਸੰਗ ਵਿੱਚ ਸੱਭਿਆਚਾਰਕ ਪਛਾਣਾਂ ਨੂੰ ਵੇਖਦੀ ਹੈ, ਉਸ ਦਾ 'ਸਰਕਾਰ ਖਾਲਸਾ' ਵਾਲਾ ਭਾਗ ਪੜ੍ਹਨਾ ਬਣਦਾ ਹੈ।

ਪਿਛਲੇ ਵਰ੍ਹਿਆਂ ਵਿੱਚ ਛਪ ਰਹੀ ਪੰਜਾਬੀ ਕਵਿਤਾ ਦੀ ਖਾਸ ਤਰ੍ਹਾਂ ਦੀ ਸੀਮਾ ਹੈ (ਕੁਝ ਕੁ ਨੂੰ ਛੱਡ ਕੇ)। ਇਹ ਸੀਮਾ ਦਾ ਅਹਿਮ ਨੁਕਤਾ 'ਪੰਜਾਬ ਦੀ ਸੱਭਿਆਚਾਰਕ ਪਛਾਣ' ਨਾਲ ਜੁੜਦਾ ਹੈ। ਇਹ ਸੀਮਾ ਭਾਵੇਂ ਵੀਹਵੀਂ ਸਦੀ ਦੀ ਸਮੁੱਚੀ ਕਵਿਤਾ ਨੂੰ ਪੜ੍ਹਦਿਆਂ ਸਮਝ ਪੈਂਦੀ ਹੈ ਪਰ ਫਿਰ ਵੀ ਵੀਹਵੀਂ ਸਦੀ ਦੇ ਅਖੀਰ ਤੱਕ ਕਿਸੇ ਨਾ ਕਿਸੇ ਪੱਧਰ ਤੇ ਇੱਕ ਸਿਰਜਣੀ ਸੰਵਾਦ ਰਿਹਾ ਹੈ। ਭਾਵੇਂ ਅਕਾਦਮਿਕ ਚਿੰਤਨ ਵਿੱਚ ਕੁਝ ਸਿਰਜਕਾਂ ਨੂੰ ਉਨ੍ਹਾਂ ਦੀ ਵੱਖਰੀ ਵਿਚਾਰਧਾਰਾ ਕਾਰਨ ਅਣਗੌਲਿਆ ਕੀਤਾ ਗਿਆ ਹੈ, ਪਰ ਉਨ੍ਹਾਂ ਦੀ ਸਿਰਜਣਾ ਨੂੰ ਰੱਦਿਆ ਨਹੀਂ ਜਾ ਸਕਿਆ। ਇਸ ਲਈ ਉਨ੍ਹਾਂ ਸਮਿਆਂ ਵਿੱਚ ਸੰਵਾਦ ਚੱਲਦਾ ਰਿਹਾ। ਇਹ ਗੱਲ ਸੱਚ ਹੈ ਕਿ ਇਹ ਸੰਵਾਦ ਉਸ ਰੂਪ ਵਿੱਚ ਸਾਹਮਣੇ ਨਹੀਂ ਆਇਆ ਜਿਸ ਤਰ੍ਹਾਂ ਆਉਣਾ ਚਾਹੀਦਾ ਸੀ ਪਰ ਫਿਰ ਵੀ ਇਹ ਲਗਾਤਾਰਤਾ ਵਿੱਚ ਛਿੜਿਆ ਰਿਹਾ ਹੈ। ਵੀਹਵੀਂ ਅਤੇ ਇੱਕੀਵੀਂ ਸਦੀ ਜਿਸਨੂੰ ਮਾਨਵਤਾ ਦੀ ਸਦੀ ਕਿਹਾ ਗਿਆ ਹੈ ਅਤੇ ਇਸ

ਮਾਨਵਤਾ ਦੀ ਮਿੱਥ ਦੇ ਮਾਇਨੇ ਕੀ ਹਨ? ਇਸ ਤੋਂ ਵੀ ਅਗਾਂਹ ਇਸ ਸਦੀ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸੀ ਨਾਮ ਨਾਲ ਜਾਣਿਆ ਜਾਣਾ ਹੈ, ਇਹ ਏ. ਆਈ. ਦੇ ਦੌਰ ਵਿੱਚ ਮਾਨਵਤਾ ਦੀ ਮਿੱਥ ਦੇ ਮਾਇਨੇ ਕੀ ਹੋਣਗੇ? ਇਹ ਸਦੀ ਵੇਦਨਾ/ਸੰਵੇਦਨਾ/ਬੰਦਿਆਈ ਨੂੰ ਕਿਸ ਕੂਟ ਵੱਲ ਲੈ ਜਾਵੇਗੀ, ਇਸ ਨੁਕਤੇ ਤੇ ਭਾਵੇਂ ਆਉਂਦਿਆਂ ਵੀਹ ਪੱਚੀ ਵਰ੍ਹਿਆ ਵਿੱਚ ਅਸੀਂ ਸੰਵਾਦ ਕਰਨਾ ਹੈ ਪਰ ਇਸ ਦੇ ਸੂਤਰ ਸਾਨੂੰ ਸਮਝ ਪੈਂਦੇ ਹਨ। ਉੱਤਰ ਆਧੁਨਿਕ ਚਿੰਤਨ (ਜਿਸ ਵਿੱਚ ਛੋਟੀਆਂ ਪਛਾਣਾਂ ਨੂੰ ਉਭਾਰਨ ਦਾ ਬੜਾ ਅਹਿਮ ਨੁਕਤਾ ਜਿਹੜਾ ਮਾਨਵਤਾ ਦੀ ਖਾਸ ਤਰ੍ਹਾਂ ਦੀ ਮਿੱਥ ਸਿਰਜਦਾ ਹੈ) ਵਿੱਚ ਮਾਨਵਤਾ ਦਾ ਵਿਵਹਾਰਿਕ ਪਹਿਲੂ ਕਿਸ ਤਰ੍ਹਾਂ ਦਾ ਹੈ? ਇਹ ਇਸ ਸਮੇਂ ਸਮਝਣਾ ਪੈਣਾ ਹੈ। ਖਿੱਤਿਆਂ ਦੀਆਂ ਸੱਭਿਆਚਾਰਕ ਪਛਾਣਾਂ ਜਿਸਨੂੰ ਉੱਤਰ ਆਧੁਨਿਕ ਦੌਰ ਵਿੱਚ ਛੋਟੀਆਂ ਪਛਾਣਾਂ ਦੇ ਪੱਖੋਂ ਵੇਖਣਾ ਬਣਦਾ ਹੈ, ਉਨ੍ਹਾਂ ਨੂੰ ਜਿਸ ਤਰ੍ਹਾਂ ਵੱਡੀਆਂ ਪਛਾਣਾਂ ਆਪਣੇ ਅੰਦਰ ਜਜ਼ਬ ਕਰ ਰਹੀਆਂ ਹਨ। ਇਹ ਸਿਰਫ ਜਜ਼ਬ ਹੀ ਨਹੀਂ ਕਰ ਰਹੀਆਂ, ਇਨ੍ਹਾਂ ਦੀ ਮੂਲ ਖਸਲਤ ਨੂੰ ਬਾਹਰੀ ਦਿੱਖ ਤੋਂ ਜਿਉਂ ਦਾ ਤਿਉਂ ਰੱਖ ਕੇ ਇਨ੍ਹਾਂ ਅੰਦਰਲੀ 'ਪਹੁੰਚ' ਨੂੰ 'ਵਿਸ਼ਵ ਪਹੁੰਚ' ਜਾਂ ਇੱਥੋਂ ਦੇ ਧਰਾਤਲ ਨੂੰ 'ਭਾਰਤੀ ਪਹੁੰਚ' ਦੇ ਪੱਖ ਤੋਂ ਨਵੇਂ ਅਰਥ ਦੇ ਰਹੀਆਂ ਹਨ। ਇੱਥੋਂ ਜਿਹੜੀ ਸਮੱਸਿਆ ਸਮਝ ਪੈਂਦੀ ਹੈ ਕਿ ਕਿਸੇ ਖਿੱਤੇ ਦੇ ਮੌਲਿਕ 'ਚਿੰਨ੍ਹ' ਵਰਤਕੇ ਉਨ੍ਹਾਂ ਚਿੰਨ੍ਹਾਂ ਨੂੰ ਕਿਸੇ ਹੋਰ ਅਰਥ ਵਿੱਚ ਸਾਹਮਣੇ ਲਿਆਂਦਾ ਜਾਂਦਾ ਹੈ। ਇਹ ਚਿੰਨ੍ਹ ਜੜਤ ਪੱਖ ਤੋਂ ਮੂਲ਼ ਹਨ ਪਰ ਇਨ੍ਹਾਂ ਨੂੰ ਜਿਸ ਤਰ੍ਹਾਂ ਨਵੇਂ ਰੂਪ ਵਿੱਚ ਢਾਲਿਆ ਜਾ ਰਿਹਾ ਹੈ, ਇਹ ਛੋਟੀ ਸੱਭਿਆਚਾਰਕ ਪਛਾਣ ਨੂੰ ਵੱਡੀ ਸੱਭਿਆਰਚਾਰਕ ਪਛਾਣ ਵਿੱਚ ਜਜ਼ਬ ਕਰਨਾ ਹੀ ਹੈ। ਡਾ. ਗੁਰਭਗਤ ਸਿੰਘ ਜਿਹੜੀ ਗੱਲ ਵਿਸਮਾਦੀ ਪੂੰਜੀ ਦੇ ਮਾਧਿਅਮ ਰਾਹੀਂ ਸਾਹਮਣੇ ਲਿਆ ਰਹੇ ਹਨ ਉਸ ਵਿੱਚੋਂ ਸਮਝ ਪੈਂਦਾ ਹੈ ਕਿ "ਪੂੰਜੀਵਾਦ, ਸਮਾਜਵਾਦ, ਵੱਖ ਵੱਖ ਕਿਸਮ ਦੇ ਰੱਬ, ਦਾਤੀ, ਹਥੌੜਾ, ਚੰਨ ਆਦਿ ਸਭ ਚਿੰਨ੍ਹ ਇਕਾਂਗੀ ਹੋ ਕੇ ਪਥਰਾ ਗਏ ਹਨ। ਇਸ ਲਈ ਇਨ੍ਹਾਂ ਨੂੰ ਇਤਿਹਾਸ ਅਤੇ ਉੱਤਰਆਧੁਨਿਕਤਾ ਦੀ ਛੈਣੀ ਤਰਾਸ਼ ਰਹੀ ਹੈ। ਸਾਪੇਖ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀਆਂ ਸੀਮਾਵਾਂ ਸਾਹਮਣੇ ਲਿਆਂਦੀਆਂ ਜਾ ਰਹੀਆਂ ਹਨ। ਹਰ ਤਰਾਸ਼ੇ ਜਾ ਰਹੇ ਚਿੰਨ੍ਹ ਨੂੰ ਨਵਾਂ ਜੀਵਨ, ਨਵੀਂ ਸ਼ਕਤੀ, ਨਵੀਂ ਦਿੱਖ ਦੇਣ ਲਈ ਨਵੀਂਆਂ ਵਸਤੂਆਂ ਤਿਆਰ ਕੀਤੀਆਂ ਜਾ ਰਹੀਆਂ ਹਨ।"[2] ਜਿਸ ਰਾਜਨੀਤਿਕ ਖਤਰੇ ਜਾਂ ਸੱਤਾ ਦਾ ਫਿਕਰ ਗੁਰਭਗਤ ਸਿੰਘ ਨੇ ਵਿਸਮਾਦੀ ਪੂੰਜੀ ਰਾਹੀਂ ਸਾਂਝਾ ਕੀਤਾ ਸੀ ਕਿ "ਸਿੱਖ ਇਨਕਲਾਬ ਦੇ ਵਿਸ਼ਵੀ ਹੋ ਸਕਣ ਵਾਲੇ ਬਹੁ ਪਰਤੀ ਵਿਸਮਾਦੀ ਚਿੰਨ੍ਹ ਨੂੰ ਮੁੜ ਕੇ ਇੱਕ-ਪਰਤੀ ਨਾ ਬਣਾ ਲਿਆ ਜਾਵੇ। ਇਸਨੂੰ ਇੱਕੋ ਪਾਸਾਰ, ਇੱਕੋ ਅਰਥ ਦੇ ਕੇ ਨਿਰਕੁੰਸ਼ ਨਾ ਕਰ ਲਿਆ ਜਾਵੇ।"[3] ਜਦੋਂ ਅਸੀਂ ਇਸ ਦਲੀਲ ਦੀ ਲੋਅ ਵਿੱਚ ਵੀਹਵੀਂ ਸਦੀ ਦੀ ਕਵਿਤਾ ਨੂੰ ਸਮਝਣ ਦਾ ਯਤਨ ਕਰਦੇ ਹਾਂ

ਤਾਂ ਸਮਝ ਪੈਂਦਾ ਹੈ ਕਿ ਪੰਜਾਬ ਦੀ ਸੱਭਿਆਚਾਰਕ ਪਛਾਣ ਜਿਸ ਦੇ ਮੂਲ ਚਿੰਨ੍ਹ ਨੇ ਆਪਣੀ ਵਿਰਾਸਤ/ਫੋਕ ਵਿੱਚ ਆਪਣਾ ਖਾਸਾ ਸਿਰਜਣਾ ਸੀ ਉਸਨੂੰ ਬੜੇ ਇਕਹਿਰੇ ਰੂਪ ਵਿੱਚ ਸਾਡੀ ਕਵਿਤਾ ਨੇ ਸਿਰਜਿਆ ਹੈ। ਵੀਹਵੀ ਸਦੀ ਦੇ ਆਖਰੀ ਦਹਾਕਿਆ ਖਾਸ ਕਰ ਜਿਸਨੂੰ ਵਿਦਰੋਹੀ ਕਵਿਤਾ ਕਿਹਾ ਜਾਂਦਾ ਹੈ ਵਿੱਚ ਅਵਤਾਰ ਪਾਸ਼ ਜਦੋਂ 'ਅਸੀਂ ਜੰਮਣਾ ਨਹੀਂ ਸੀ/ ਅਸੀਂ ਲੜਨਾ ਨਹੀਂ ਸੀ/ ਅਸੀਂ ਤਾਂ ਬਹਿ ਕੇ ਹੇਮਕੁੰਟ ਤੇ/ ਭਗਤੀ ਕਰਨੀ ਸੀ।' ਇਸ ਤਰ੍ਹਾਂ ਹੀ ਦਰਸ਼ਨ ਖੜਕੜ ਜਦੋਂ ਬਾਬਾ ਦੀਪ ਸਿੰਘ ਨੂੰ ਸੰਬੋਧਨ ਹੁੰਦਾ ਹੈ ਤਾਂ ਉਹ ਸਿੱਧੇ ਰੂਪ ਵਿੱਚ ਕਹਿੰਦਾ ਹੈ ਕਿ 'ਜਾਚ ਤਾਂ ਦੱਸ ਸੀਸ ਕਿਸ ਤਰ੍ਹਾਂ ਤਲੀ ਤੇ ਟਿਕਾਈ ਦਾ ਹੈ' ਜਾਂ ਸੰਤ ਰਾਮ ਉਦਾਸੀ ਲਿਖਦਾ ਹੈ ਕਿ 'ਝੋਰਾ ਕਰੀ ਨਾ ਕਿਲ੍ਹਾ ਅਨੰਦਪੁਰ ਦਾ/ ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।' ਜਾਂ ਇਸ ਨੁਕਤੇ ਤੋਂ ਉਸ ਸਮੇਂ ਰਚੀਆਂ ਗਈਆਂ ਹੋਰ ਸੈਕੜੇ ਕਵਿਤਾਵਾਂ ਵੀ ਜਿਹੜੀਆਂ ਸਾਨੂੰ ਮਿਲਦੀਆਂ ਹਨ, ਕਈ ਥਾਂਈਂ ਪੰਜਾਬ ਦੀ ਸੱਭਿਆਚਾਰਕ ਮੌਲਿਕਤਾ/ਪਛਾਣ ਦੇ ਚਿੰਨ੍ਹ ਨੂੰ ਜਿਸ ਦਾ ਅਰਥ ਸਮੁੱਚਤਾ ਵਿੱਚ ਹੀ ਸਮਝਿਆ ਜਾ ਸਕਦਾ ਹੈ, ਨੂੰ ਏਨਾ ਘਟਾ ਕੇ ਵੇਖਦੀਆਂ ਹਨ ਜਿਹੜੀਆਂ ਸਿਰਫ ਇਕਾਂਗੀ ਅਰਥ ਰੱਖਦੀਆਂ ਹਨ। ਇੱਥੇ ਲਿਉਤਾਰ ਦੇ ਹਵਾਲੇ ਨਾਲ ਇਸ ਗੱਲ ਅੰਦਰ ਪਈ ਰਮਜ਼ ਨੂੰ ਸਮਝਿਆ ਜਾ ਸਕਦਾ ਹੈ ਜਿਸਨੂੰ ਗੁਰਭਗਤ ਸਿੰਘ ਦੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ "ਜੇ ਕੋਈ ਆਪਣੀ ਪੈਰਾਡਾਈਮ ਦੂਜੇ ਸੱਭਿਆਚਾਰ ਉੱਤੇ ਬਿਨਾ ਉਸ ਦੇ ਇਤਿਹਾਸ ਅਤੇ ਅੰਤਰ ਸਮਝਣ ਦੇ ਲਾਗੂ ਕਰੇਗਾ ਤਾਂ ਉਹ ਸਾਮਰਾਜੀ ਜਾਂ ਸਮੱਗਰਵਾਦੀ ਹੋਵੇਗਾ।"[4] ਇੱਥੇ ਪੱਛਮ ਦਾ ਇੱਕਵਾਦੀ ਪਰਿਪੇਖ ਸਿੱਧਾ ਦਖਲ ਨਹੀਂ ਦਿੰਦਾ ਪਰ ਉਸ ਭਾਰੂ ਸੱਭਿਆਚਾਰ ਦੀ ਵਿਸ਼ਵ ਸਿਆਸਤ ਸਾਡੀ ਸ਼ਾਇਰੀ ਰਾਹੀਂ ਆਪਣੇ ਧਰਾਤਲ ਵਿੱਚ ਪਈ ਪਛਾਣ ਤੋਂ ਅਸਮਰੱਥ ਹੋਈ ਹੈ। ਇੱਥੋਂ ਸਮਝ ਪੈਂਦਾ ਹੈ ਕਿ ਪੰਜਾਬ ਦੀ ਸੱਭਿਆਚਾਰਕ ਪਛਾਣ ਦੀ ਵਿਸ਼ਵ ਰਮਜ਼ ਨੂੰ ਆਪਣੀ ਸਮਝ ਤੱਕ ਘਟਾ ਲੈਂਦੇ ਹਨ। ਇਹ ਪਹੁੰਚ ਨਵ ਪਾਠਕ ਨੂੰ ਹਿਪਨੋਟਾਈਜ ਕਰਦੀ ਹੈ।

ਇੱਕੀਵੀਂ ਸਦੀ ਵਿੱਚ ਅਕਾਦਮਿਕ ਚਿੰਤਨ ਵਿੱਚ ਜਿਸ ਤਰ੍ਹਾਂ 'ਸਬਾਲਟਰਨ ਸਟੱਡੀ' ਦਾ ਪ੍ਰਚਾਰ ਹੋ ਰਿਹਾ ਹੈ ਉਹ ਉੱਤਰ ਆਧੁਨਿਕ ਚਿੰਤਨ ਦੇ ਪੱਖ ਤੋਂ ਬੜਾ ਅਹਿਮ ਹੈ ਪਰ ਉੱਥੇ ਜਿਹੜੀ ਮੈਨੂੰ ਸਮਝ ਪੈਂਦੀ ਹੈ ਕਿ 'ਹਾਸ਼ੀਆ' ਦੀ ਸਿਧਾਂਤਕੀ ਵਿਚਲੀ ਆਰਥਿਕ, ਰਾਜਨੀਤਿਕ ਪਛਾਣਾਂ ਨੂੰ ਤਾਂ ਅਹਿਮੀਅਤ ਮਿਲੀ ਹੈ, ਪਰ ਧਾਰਮਿਕ ਪੱਖ, ਜਿਸ ਤੋਂ ਬਿਨਾਂ ਪੰਜਾਬ ਨੂੰ ਸਮਝਿਆ ਹੀ ਨਹੀਂ ਜਾ ਸਕਦਾ, ਨੂੰ ਬਹੁਤੀ ਸਪੇਸ ਨਹੀਂ ਮਿਲੀ। 'ਸਬਾਲਟਰਨ ਸਟੱਡੀ' ਵਿੱਚ ਕਿਸੇ 'ਖਿੱਤੇ ਦੀ ਸੱਭਿਆਚਾਰਕ ਪਛਾਣ' ਖਾਸਕਰ ਜਦੋਂ ਪੰਜਾਬ ਦੀ ਗੱਲ ਤੁਰਦੀ ਹੈ ਤਾਂ ਇਸ ਖਿੱਤੇ ਦੀ ਮੂਲ ਖਸਲਤ ਜਿਸ ਤਰੀਕੇ ਨਾਲ ਪਿਛਲੀ ਆਧੁਨਿਕਤਾ ਦੀ ਸਦੀ ਵਿੱਚ ਹਾਸ਼ੀਏ ਤੇ ਗਈ ਉਸਨੂੰ ਕੇਂਦਰ ਵਿੱਚ ਲਿਆਉਣਾ ਚਾਹੀਦਾ

ਹੈ ਕਿਉਂਕਿ ਇਸ ਉੱਤਰ ਆਧੁਨਿਕੀ ਸਦੀ ਵਿੱਚ ਇਹ ਪਛਾਣਾਂ ਨੂੰ ਬਰਾਬਰਤਾ ਦੀ ਥਾਂ ਦੇਣੀ ਪੰਜਾਬ ਦੀ ਮਾਨਵਤਾ ਦਾ ਪਹਿਲਾ ਧਰਮ ਹੈ ਪਰ ਜਦੋਂ ਇਨ੍ਹਾਂ ਸਾਰੀਆਂ ਪਛਾਣਾਂ ਨੂੰ ਅਣਡਿੱਠ ਕਰਕੇ ਹਾਸ਼ੀਏ ਦੀ ਸਿਰਫ ਇਕਹਿਰੀ ਪਰਿਭਾਸ਼ਾ ਸਿਰਜ ਲਈ ਜਾਂਦੀ ਹੈ ਤਾਂ ਉਸ ਸਮੇਂ ਆਰਟੀਫੀਸੀਅਲ ਇੰਟੈਲੀਜੈਂਸੀ ਦੇ ਸਮੇਂ ਦੀ ਮਾਨਵਤਾ ਦੇ ਮਾਇਨੇ ਸਮਝ ਲੱਗਦੇ ਹਨ, ਜਿੱਥੋਂ ਖੜ੍ਹਕੇ ਇਨ੍ਹਾਂ ਪਛਾਣਾਂ ਦੀ ਸਿਧਾਂਤਕੀ ਤਿਆਰ ਨਹੀਂ ਕੀਤੀ ਜਾਂਦੀ। ਦੂਜਾ ਇਸ ਰਾਹੀਂ ਇਹ ਵੀ ਸਮਝ ਪੈਂਦਾ ਹੈ ਕਿ ਵਿਸ਼ਵ ਜਿਸ 'ਉੱਤਰ ਆਧੁਨਿਕ ਰਾਜਨੀਤੀ' ਰਾਹੀਂ ਇਹ ਛੋਟੀਆਂ ਪਛਾਣਾਂ ਦੇ ਭਰਮ ਸਿਰਜ ਰਿਹਾ ਹੈ, ਉਸ ਰਾਹੀਂ ਉਹ ਕਿਸੇ ਵੀ ਖਿੱਤੇ/ਦੇਸ਼ ਦੀ ਜਮਾਤ ਦੇ ਸੰਕਲਪ ਨੂੰ ਕੰਮਜ਼ੋਰ ਕਰ ਰਿਹਾ ਹੈ ਜਿਸ ਦੀ ਅਗਲੀ ਰਾਜਨੀਤੀ ਇਸ ਜਮਾਤ ਦੇ ਸੰਕਲਪ ਨੂੰ ਖਤਮ ਕਰਕੇ ਛੋਟੀਆਂ ਪਛਾਣਾਂ ਨੂੰ ਇੱਕ ਇੱਕ ਕਰਕੇ ਜਜ਼ਬ ਕਰ ਲਵੇਗਾ, ਅਖੀਰ ਵਿੱਚ ਨਾ ਤਾਂ ਪਛਾਣਾਂ ਬਚਣੀਆਂ ਹਨ ਅਤੇ ਨਾ ਹੀ ਲੁੱਟੀ ਜਾ ਰਹੀ ਧਿਰ ਦੀ ਜਮਾਤ ਦਾ ਸੰਕਲਪ।

ਉੱਤਰ-ਆਧੁਨਿਕ ਚਿੰਤਨ ਵਿੱਚ ਜਿਸ ਤਰ੍ਹਾਂ ਸਿਧਾਂਤਕੀ ਤੇ ਜ਼ੋਰ ਦਿੱਤਾ ਜਾਂਦਾ ਹੈ ਉਸ ਤਰ੍ਹਾਂ ਜਿਹੜੀਆਂ ਇਸ ਰਾਹੀਂ ਗੱਲਾਂ ਸਾਹਮਣੇ ਆਉਂਦੀਆ ਹਨ, ਉਸਦੀ ਵਿਵਹਾਰਿਕਤਾ ਤੇ ਅਮਲ ਨਹੀਂ ਕੀਤਾ ਗਿਆ। ਇਸ ਵਿੱਚ ਸਿਰਫ ਉਨ੍ਹਾਂ ਸੰਕਲਪਾਂ ਦੀ ਵਿਵਹਾਰਿਕ ਪਹੁੰਚ ਨੂੰ ਨਵਿਆਇਆ ਜਾਂਦਾ ਹੈ ਜਿਸ ਦਾ ਵਿਸ਼ਵੀ ਸਰੋਕਾਰ ਹੈ ਭਾਵ ਜਿਸਨੂੰ ਵਿਸ਼ਵ ਦੇ ਸੂਤਰ ਵਿੱਚੋਂ ਵਿਵਹਾਰਿਕ ਰੂਪ ਵਿੱਚ ਸਾਰੇ ਖਿੱਤਿਆਂ ਵਿੱਚ ਜਿਉਂ ਦਾ ਤਿਉਂ ਲਾਗੂ ਕੀਤਾ ਜਾ ਸਕੇ। ਅਜਿਹਾ ਕਰਦਿਆਂ ਅਸੀਂ ਜਿਹੜੀ ਡੀਸੈਂਟਰਲਾਈਜੇਸ਼ਨ/ਵਿਭਿੰਨਤਾ ਨੂੰ ਸੱਭਿਆਚਾਰਕ ਪਛਾਣ ਦੇ ਪੱਖ ਤੋਂ ਕਿਸੇ ਖਿੱਤੇ ਦੀ ਤਾਕਤ ਵਜੋਂ ਸਿੱਧ ਕਰਨਾ ਸੀ ਉਸਨੂੰ ਵਿਸ਼ਵ ਦੀ ਕੇਂਦਰੀਕਰਨ ਵਾਲੀ ਪਹੁੰਚ ਰਾਹੀਂ ਆਪਣੇ ਆਪ ਉਸ ਵਿੱਚ ਜਜ਼ਬ ਕਰ ਦਿੱਤਾ ਹੈ, ਜਿੱਥੋਂ ਸਾਨੂੰ ਮਾਨਵਤਾ ਦੇ ਇੱਕੋ ਮਾਇਨੇ ਸਮਝ ਪੈਂਦੇ ਹਨ। ਇੱਥੋਂ ਮਾਨਵਤਾ ਲਈ ਲੜੀ ਜਾ ਰਹੀ ਲੜਾਈ ਭਾਵ ਲੁੱਟੀ ਜਾ ਰਹੀ ਧਿਰ ਦੀ ਲੜਾਈ ਅਤੇ ਮਾਨਵਤਾ ਨੂੰ ਖਤਮ ਕਰਨ ਲਈ ਲੜੀ ਜਾ ਰਹੀ ਲੜਾਈ ਭਾਵ ਲੁੱਟਣ ਵਾਲੀ ਧਿਰ ਦੀ ਪਹੁੰਚ ਬਰਾਬਰ ਨਜ਼ਰ ਪੈਂਦੀਆਂ ਹਨ। ਇਸ ਨੁਕਤੇ ਤੇ ਆ ਪਹੁੰਚ ਕੇ ਅਸੀਂ ਮਾਨਵਤਾ ਦੀ ਮਿੱਥ ਦੇ ਮਾਇਨੇ ਰਲਗੱਡ ਕਰ ਲੈਂਦੇ ਹਾਂ ਇਸ ਪਿੱਛੇ ਕੰਮ ਕਰਦੀ ਤਾਕਤ ਵਿਸ਼ਵੀਕਰਨ ਦੀ ਮਿੱਥ ਦੀ ਆਪੇ ਸਿਰਜੀ ਰਾਜਨੀਤਿਕ ਮਿੱਥ ਹੈ ਪਰ ਜਦੋਂ ਅਸੀਂ ਉੱਤਰ ਆਧੁਨਿਕ ਚਿੰਤਨ ਰਾਹੀਂ ਇਸ ਦੇ ਸਿਧਾਂਤ ਨੂੰ ਵੇਖਣ ਦਾ ਯਤਨ ਕਰਦੇ ਹਾਂ ਤਾਂ ਸਾਨੂੰ ਇਸ ਉੱਤਰ ਆਧੁਨਿਕ ਚਿੰਤਨ ਦੀ ਸਿਧਾਂਤਕੀ ਵਿੱਚੋਂ ਕੁਝ ਹੋਰ ਸਮਝ ਪੈਂਦਾ ਹੈ ਪਰ ਵਿਵਹਾਰਿਕਤਾ ਵਿੱਚ ਉਸ ਤਰ੍ਹਾਂ ਨਹੀਂ ਹੈ। ਇਸ ਵਰ੍ਹੇ ਗਦਰੀ ਬਾਬਿਆਂ ਦੇ ਮੇਲੇ 'ਤੇ (ਜਿਹੜੇ ਗਦਰੀ ਬਾਬੇ ਪੰਜਾਬ ਦੀ ਮੌਲਿਕ ਪਛਾਣ ਨੂੰ ਜਿਉਂਦਾ ਰੱਖਣ ਲਈ ਸ਼ਹੀਦ ਹੋਏ) ਯਾਦਗਾਰੀ ਕਮੇਟੀ ਜਿਹੜੀ ਕਮੇਟੀ

ਵਿਭਿੰਨਤਾ/ਵਿਚਾਰ ਦੀ ਆਜ਼ਾਦੀ ਹਰ ਸਟੇਜ ਤੋਂ ਕੂਕਦੀ ਹੈ, ਵੱਲੋਂ ਵੱਖਰੀ ਵਿਚਾਰਧਾਰਾ ਵਾਲੇ ਪ੍ਰਕਾਸ਼ਨ ਤੇ ਪਈਆਂ ਫੋਟੋਆਂ ਅਤੇ ਕਿਤਾਬਾਂ ਚੁਕਵਾਉਣਾ ਇਸ ਦਾ ਤਾਜ਼ਾ ਮਿਸਾਲ ਹੈ। ਅਸਲ ਵਿੱਚ ਇਹ ਸਿਧਾਂਤ ਦੀ ਵਿਵਹਾਰਿਕਤਾ ਹੈ। ਇਹ ਗੱਲ ਨੂੰ ਇਸ ਸਮੇਂ ਛੋਟੀਆਂ ਪਛਾਣਾਂ ਨਾਲ ਜੋੜਕੇ ਸਮਝਣਾ ਬੜਾ ਜਰੂਰੀ ਹੈ ਅਤੇ ਇਸ ਤੋਂ ਵੀ ਅਗਾਂਹ ਆਰਥਿਕ, ਸਮਾਜਿਕ, ਸਲਾਬਟਰਨ ਪਛਾਣ ਤੋਂ ਅਗਾਂਹ ਸੱਭਿਆਚਾਰਕ ਪਛਾਣ ਵਜੋਂ ਪਰਿਭਾਸ਼ਿਤ ਕਰਨ ਦੀ ਇਸ ਸਮੇਂ ਵੱਡੀ ਜਰੂਰਤ ਹੈ। ਇਸ ਸਮੇਂ ਸਮਕਾਲੀ ਕਵਿਤਾ ਇਸ ਪੱਖ ਤੋਂ ਏਨੀ ਅਵੇਸਲੀ ਹੈ ਕਿ ਉਹ ਵਿਸ਼ਵ ਦੀ ਪੈੜ (ਜਿਹੜੀ ਬੜੀ ਖਤਰਨਾਕ ਹੈ) ਵਿੱਚ ਪੈਰ ਧਰ ਰਹੀ ਹੈ ਅਤੇ ਉਹ ਅਜਿਹਾ ਕਰਦਿਆਂ ਆਪਣੀ ਪਛਾਣ ਨੂੰ ਮੱਧ ਰਹੀ ਹੈ। ਇਸ ਵਿੱਚ ਟਾਵੀਂ ਟਾਵੀਂ ਕਵਿਤਾ ਇਸ ਪਛਾਣ ਨਾਲ ਜੁੜ ਕੇ ਆਪਣਾ ਮੂਲ ਉਭਾਰ ਰਹੀ ਹੈ ਪਰ ਇਸ ਉੱਤਰ ਆਧੁਨਿਕ ਦੇ ਵਿਵਹਾਰ ਦੀ ਬਰਬਰਤਾ ਵਿੱਚ ਉਸਨੂੰ ਸਮਝਣ ਦੀ ਬਜਾਇ ਰੱਦਿਆ ਜਾ ਰਿਹਾ ਹੈ। ਇਸ ਨੁਕਤੇ ਤੋਂ ਕਿਸਾਨੀ ਸੰਘਰਸ਼ ਸਮੇਂ ਜਿਹੜੀ ਕਵਿਤਾ ਲਿਖੀ ਗਈ ਉਸ ਅੰਦਰ ਓਪਰੀ ਨਜ਼ਰੇ ਵੇਖਣ ਨੂੰ ਬਗਾਵਤ ਦਾ 'ਕਣ' ਨਜ਼ਰ ਪੈਂਦਾ ਹੈ ਪਰ ਉਸ ਕਣ ਦੀ ਸੱਭਿਆਚਾਰਕ ਪਛਾਣ ਦੀ ਸ਼ਨਾਖਤ ਦਾ ਇਤਿਹਾਸ ਦੀ ਲਗਾਤਾਰਤਾ ਵਿੱਚ ਸਮਝ ਨਹੀਂ ਪੈਂਦਾ। ਖਾਸਕਰ ਉਸ ਕਵਿਤਾ ਵਿੱਚ ਕਿਸਾਨੀ ਨੂੰ ਖੇਤ ਤੱਕ ਪਰਿਭਾਸ਼ਿਤ ਕੀਤਾ ਗਿਆ ਹੈ ਜਦੋਂ ਕਿ ਇਸਦੀ ਪਛਾਣ ਦਾ ਸੱਭਿਆਚਾਰਕ ਧਰਾਤਲ ਉਹ ਪੰਜਾਬ ਬਣਦਾ ਹੈ ਜਿਸ ਵਿੱਚੋਂ ਬੰਦਾ ਸਿੰਘ ਬਹਾਦਰ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਉਸ ਸਮੇਂ ਪੈਦਾ ਹੋਈ ਧਿਰਾਂ ਦੀ ਸਿਆਸਤ ਵਿੱਚ ਦੋ ਬਿਰਤਾਂਤਾਂ ਦੀ ਟੱਕਰ ਦੀ ਬਜਾਇ ਉਸਨੂੰ ਏਨਾ ਇਕਹਿਰਾ ਬਣਾਇਆ ਗਿਆ ਜਾਂ ਸਾਡੀ ਸਿਰਜਣਾ ਦੀ ਚਿੰਤਨੀ ਸੁਰ ਬੜੀ ਸਿੱਧੀ ਅਤੇ ਇਕਹਿਰੀ ਹੈ, ਜਿਸਨੂੰ ਬਿਰਤਾਂਤ ਦੀ ਸਮਝ ਨਹੀਂ ਆਈ। ਇਨ੍ਹਾਂ ਕਵਿਤਾਵਾਂ ਵਿੱਚ ਬਹੁਤੀਆਂ ਦੇ ਅਰਥ ਏਨੇ ਇਕਾਂਗੀ ਹਨ ਕਿ ਉਹ ਸ਼ਬਦਾਂ ਰਾਹੀਂ ਸਿਆਸਤ ਤੱਕ ਸੀਮਤ ਹਨ। ਸ਼ਾਇਦ ਇਹੀ ਕਾਰਨ ਹੈ ਕਿ ਉਸ ਵਿੱਚ ਬਹੁਤੀ ਕਵਿਤਾ ਸਾਂਭਣਯੋਗ ਨਹੀਂ। ਇਸ ਪੱਖ ਤੋਂ ਗੀਤ ਦੀ ਵਿਧਾ ਨੇ ਪੰਜਾਬ ਦੀ ਸੱਭਿਆਚਾਰਕ ਪਛਾਣ ਵਿੱਚ ਪਏ ਵਿਗਾਸ ਨੂੰ ਪਛਾਣਿਆ ਹੈ।

ਗੋਪੀਚੰਦ ਨਾਰੰਗ ਦੀ ਗੱਲ ਬੜੀ ਬੇਬਾਕੀ ਵਾਲੀ ਅਤੇ ਸਾਰਥਿਕ ਹੈ ਕਿ "ਭਾਸ਼ਾ, ਮਾਨਵ, ਇਤਿਹਾਸ – ਇਹ ਸਭ ਥਿਊਰੀ ਦੇ ਵਿਸ਼ੇ ਹਨ। ਸੰਕਟ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਥਿਊਰੀ ਇਕ ਮਹਾਮਾਰੀ ਦਾ ਰੂਪ ਧਾਰਨ ਕਰ ਲੈਂਦੀ ਹੈ ਜਾਂ ਹੋਰਨਾਂ ਗਤੀਵਿਧੀਆਂ ਨੂੰ ਦਬਾਉਣ ਲੱਗ ਪੈਂਦੀ ਹੈ।"[5] ਇਸ ਨੁਕਤੇ ਤੋਂ ਪਿਛਲੇ ਸਮਿਆਂ ਵਿੱਚ ਸਿਰਜਣਾ ਦੇ ਖੇਤਰ ਵਿੱਚ, ਹਰਮਨਜੀਤ ਸਿੰਘ, ਅਮਰਦੀਪ ਸਿੰਘ ਗਿੱਲ, ਨਵਾਬ ਖਾਨ ਦੀ ਕਵਿਤਾ ਨੂੰ ਗੌਲਿਆ ਨਹੀਂ ਗਿਆ, ਇਸ ਪੱਖ ਤੋਂ ਥੋੜਾ ਹੋਰ ਗੰਭੀਰਤਾ ਨਾਲ ਵੇਖੀਏ ਤਾਂ ਪਰਮਵੀਰ

ਸਿੰਘ ਜਿਸਦੀ ਕਵਿਤਾ ਚਿੰਤਨ ਦੇ ਸਾਰੇ ਖਾਕੇ ਤੋੜ ਕੇ ਨਵਾਂ ਵਿਧਾਨ ਸਿਰਜਦੀ ਹੈ, ਨੂੰ ਸਮਝਿਆ ਨਹੀਂ ਗਿਆ। ਇੱਥੇ ਇਹ ਨਾਮ ਸਿਰਫ ਇਸ ਕਰਕੇ ਦਿੱਤੇ ਗਏ ਹਨ ਕਿ ਇਨ੍ਹਾਂ ਦੀ ਸਿਰਜਣਾ ਦੀ ਪਿੱਠਭੂਮੀ ਵਿੱਚ 'ਸੱਭਿਆਚਾਰ ਦੀ ਪਛਾਣ' ਦਾ ਮੂਲ ਖਾਸਾ ਪਿਆ ਹੈ ਜਿਹੜਾ ਪਛਾਣਾਂ ਦੀ ਰਾਜਨੀਤੀ ਕਰ ਰਹੇ ਉੱਤਰ ਆਧੁਨਿਕ ਚਿੰਤਨ ਦੀ ਵਿਵਹਾਰਿਕਤਾ ਤੇ ਸਵਾਲ ਖੜਾ ਕਰਦਾ ਹੈ। ਪਿਛਲੀ ਸਦੀ ਵਿੱਚ ਆਧੁਨਿਕਤਾ ਵਾਲੇ ਚਿੰਤਨ ਨੇ ਹਰਿੰਦਰ ਸਿੰਘ ਮਹਿਬੂਬ ਨੂੰ ਅਣਗੌਲਿਆਂ ਕੀਤਾ, ਇੱਕ ਨਵੇਂ ਪਾਠਕ ਲਈ ਹਰਿੰਦਰ ਸਿੰਘ ਮਹਿਬੂਬ ਬਿਲਕੁਲ ਓਪਰਾ ਨਾਮ ਹੈ। ਸਮੱਸਿਆ ਇਹ ਬਿਲਕੁਲ ਨਹੀਂ ਕਿ ਉਨ੍ਹਾਂ ਨੂੰ ਗੌਲਿਆ ਨਹੀਂ ਗਿਆ, ਸਮੱਸਿਆ ਇਸ ਥਿਊਰੀ ਦੀ ਵਿਵਹਾਰਿਕਤਾ ਦੀ ਹੈ। ਇਹ ਵਿਵਹਾਰਿਕਤਾ ਜਿਸ ਤਰ੍ਹਾਂ ਦਾ ਭਰਮ ਸਿਰਜਦੀ ਹੈ ਉਸ ਵਿੱਚ ਅਕਾਦਮਿਕ ਖੇਤਰ ਨਾਲ ਜੁੜਿਆ ਸਿਖਿਆਰਥੀ ਇਸਦੇ ਮਾਇਨੇ ਨਹੀਂ ਸਮਝ ਸਕਦਾ। ਜਿਸ ਤਰ੍ਹਾਂ ਮਿਸ਼ੇਲ ਫੂਕੋ ਦਾ ਕਹਿਣਾ ਹੈ ਕਿ "ਸੱਤਾਵਾਨ ਲੋਕ ਹੀ ਨਿਰਧਾਰਿਤ ਕਰਦੇ ਹਨ ਕਿ ਕੀ ਕਹਿਣਾ ਚਾਹੀਦਾ ਹੈ ਅਤੇ ਕੀ ਨਹੀਂ।"[6] ਇੱਥੇ ਫੂਕੋ ਦੀ ਸੱਤਾ ਪ੍ਰਤੀ ਪਹੁੰਚ ਨੂੰ ਅਕਾਦਮਿਕ ਚਿੰਤਨ ਦੀ ਸੱਤਾ ਮੰਨ ਕੇ ਸਮਝ ਪੈਂਦਾ ਹੈ ਕਿ ਜਿਸ ਤਰ੍ਹਾਂ ਸੱਤਾ ਆਪਣੀਆਂ ਨੀਤੀਆਂ ਰਾਹੀਂ 'ਫਾਲਸ ਕਾਨਸੀਅਸਨੈੱਸ' ਸਿਰਜਦੀ ਹੈ ਅਤੇ ਜਨਤਾ ਉਸਦੇ ਜਾਲ (ਟ੍ਰੈਪ) ਵਿੱਚ ਫਸਦੀ ਹੈ। ਉਸੇ ਤਰ੍ਹਾਂ 'ਧਿਰਾਂ ਦੀ ਸੱਤਾ' ਜਦੋਂ ਫਾਲਸ ਕਾਨਸੀਅਸਨੈੱਸ ਸਿਰਜਦੀ ਹੈ ਉਦੋਂ ਸਿਰਜਣਾ ਅਤੇ ਚਿੰਤਨ ਦੇ ਵਿੱਚ ਵੱਡੀ ਸਮੱਸਿਆ ਆਉਂਦੀ ਹੈ। ਜਦੋਂ ਅਕਾਦਮਿਕ ਚਿੰਤਨ ਵਿੱਚੋਂ ਅਣਡਿੱਠ ਕੀਤਾ ਸਿਰਜਕ ਪੰਜਾਬ ਦੀ ਸੱਭਿਆਚਾਰਕ ਪਛਾਣ ਦੇ ਪੱਖ ਤੋਂ ਆਪਣਾ ਪ੍ਰਵਚਨ ਉਸਾਰਦਾ ਹੈ ਤਾਂ ਉਹ ਓਪਰਾ ਲੱਗਦਾ ਹੈ ਕਿਉਂਕਿ ਉਸਨੂੰ 'ਅਕਾਦਮਿਕ ਚਿੰਤਨ ਦੀ ਸੱਤਾ' ਵੱਲੋਂ ਪ੍ਰਵਾਨਗੀ ਨਹੀਂ। ਇਸ ਪੱਖ ਤੋਂ ਜਦੋਂ ਅਸੀਂ ਪਿਛਲੇ ਪੰਜਾਹ ਸਾਲ ਦੀ ਕਵਿਤਾ ਨੂੰ ਸਮਝਣ/ਪੜ੍ਹਨ ਦਾ ਯਤਨ ਕਰਦੇ ਹਾਂ ਤਾਂ ਜਿਹੜੀ ਕਵਿਤਾ ਪੰਜਾਬ ਦੇ ਅਧਿਆਤਮ ਰਾਹੀਂ ਜਾਂ ਲੋਕ (ਫੋਕ) ਨੂੰ ਆਪਣੀ ਕਵਿਤਾ ਦਾ ਕੇਂਦਰ ਬਣਾਉਂਦੀ ਹੈ ਜਾਂ ਉਸ ਦੇ ਮੈਟਾਫਰ ਰਾਹੀਂ ਆਪਣੀ ਗੱਲ ਕਹਿੰਦੀ ਹੈ, ਚਿੰਤਨ ਉਸਨੂੰ 'ਨਵ-ਅਧਿਆਤਮ' ਆਖਕੇ ਪਿਛਾਂਹ ਖੜ੍ਹੀ ਆਖਦਾ ਹੈ ਜਾਂ ਰੱਦ ਕਰਦਾ ਹੈ। ਜਦੋਂ ਅਸੀਂ ਇਸ ਸਾਰੀ ਵਿਵਹਾਰਿਕਤਾ ਵਿੱਚੋਂ ਇਸ ਕਵਿਤਾ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਮੈਂ ਸਮਝਦਾ ਹਾਂ ਸਾਡਾ ਚਿੰਤਨ ਜੋਗਾ ਸਿੰਘ ਰਾਹੀਂ ਪੰਜਾਬ ਦੇ ਸੱਭਿਆਚਾਰਕ/ਲੋਕਧਾਰਾ ਵਿਕਾਸ ਨੂੰ ਵੇਖਦਾ ਹੈ। ਜੋਗਾ ਸਿੰਘ ਜਿਸ ਨੁਕਤੇ ਤੋਂ ਸੱਭਿਆਚਾਰ/ਲੋਕਧਾਰਾ ਨੂੰ ਸਮਝ/ਵੇਖ ਰਿਹਾ ਹੈ ਉਹ ਵੀ ਕਿਤੇ ਨਾ ਕਿਤੇ ਅਕਾਦਮਿਕ ਚਿੰਤਨ ਰਾਹੀਂ ਸਿਰਜਿਆ ਪੰਜਾਬ ਦਾ ਮੱਧਵਰਗੀ ਸੱਭਿਆਚਾਰ/ਲੋਕਧਾਰਾ ਹੈ। ਜਦੋਂ ਅਸੀਂ ਜੋਗਾ ਸਿੰਘ ਦੇ ਸਮਕਾਲੀ ਹਰਿੰਦਰ ਸਿੰਘ ਮਹਿਬੂਬ ਨੂੰ ਵੇਖਦੇ ਹਾਂ (ਭਾਵੇਂ ਉਸ ਸ਼ਾਇਰੀ ਦੇ ਪ੍ਰਸੰਗ ਸਾਡੀ ਗੱਲ ਤੋਂ ਵੱਖਰੇ ਹਨ) ਤਾਂ ਉਸ ਅੰਦਰਲੀ

ਸੱਭਿਆਚਾਰ/ਲੋਕਧਾਰਾਈ ਵਿਰਾਸਤ ਪੰਜਾਬ ਦੇ ਮੂਲ ਨਾਲ ਜੁੜਦੀ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਪੇਂਡੂ ਲੋਕਾਈ ਦਾ ਸੱਭਿਆਚਾਰ/ਲੋਕਧਾਰਾ ਜਿਸਨੂੰ ਅਧਿਆਤਮ ਤੋਂ ਬਿਨ੍ਹਾਂ ਸਮਝਿਆ ਨਹੀਂ ਜਾ ਸਕਦਾ, ਉਹ ਪੇਸ਼ ਹੋ ਰਹੀ ਹੈ। ਇਸ ਕਰਕੇ ਕਿਸੇ ਮੂਲ ਵਿੱਚ ਪਏ ਪ੍ਰਵਚਨ ਦਾ ਨਾਇਕਤਵ ਬਿਲਕੁਲ ਵੱਖਰਾ ਹੋਵੇਗਾ। ਜੋਗਾ ਸਿੰਘ, ਸੁਰਜੀਤ ਪਾਤਰ, ਹਰਿਭਜਨ ਸਿੰਘ ਜਾਂ ਇਸ ਸਮਝ ਤੋਂ ਸੱਭਿਆਚਾਰ/ਲੋਕਧਾਰਾ ਨੂੰ ਦੇਖਣ/ਸਮਝਣ ਵਾਲਾ ਸ਼ਾਇਰ ਜਦੋਂ ਨਾਇਕਤਵ ਉਸਾਰਦਾ ਹੈ ਤਾਂ ਉਨ੍ਹਾਂ ਸਮਿਆਂ ਵਿੱਚ ਉਸਰੀ ਵਿਸ਼ਵ ਦੀ ਸਿਆਸਤ ਜਿਹੜੀ ਵਿਲੱਖਣਤਾ ਦੀ ਥਾਵੇਂ 'ਇੱਕ ਧਰਤੀ ਇੱਕ ਵਿਸ਼ਵ' ਦਾ ਹੁੰਗਾਰਾ ਭਰਦੀ ਹੈ, ਦੀ ਅੱਖ ਥਾਣੀਂ ਵੇਖ ਕੇ 'ਨੰਦ ਕਿਸ਼ੋਰ' ਨੂੰ ਪੰਜਾਬ ਮੰਨਦੀ ਹੈ ਅਤੇ ਇੱਥੋਂ ਦੇ ਮੂਲ ਨੂੰ ਪ੍ਰਵਾਸ ਨੂੰ ਉਸੇ 'ਨੰਦ ਕਿਸ਼ੋਰ' ਵਾਂਗ ਵੇਖਦੀ ਹੈ ਜਿੱਥੋਂ 'ਪੰਜਾਬ ਦੀ ਸੱਭਿਆਚਾਰਕ ਪਛਾਣ' ਦਾ ਨੁਕਤਾ 'ਵਿਸ਼ਵ ਦੀ ਸੱਭਿਆਚਾਰਕ ਪਛਾਣ' ਜਾਂ 'ਭਾਰਤੀ ਸੱਭਿਆਚਾਰਕ ਪਛਾਣ' ਨਾਲ ਰਲਗੱਡ ਹੁੰਦਾ ਹੈ ਅਤੇ ਉਸਦੇ ਸਮਾਂਤਰ ਹਰਿੰਦਰ ਸਿੰਘ ਮਹਿਬੂਬ ਜਿਹੜੀ ਸੱਭਿਆਚਾਰਕ ਪਛਾਣ ਨੂੰ ਬਚਾਉਣ ਦੀ ਗੱਲ ਕਰ ਰਿਹਾ ਹੈ, ਨੂੰ ਹਾਸ਼ੀਏ ਤੇ ਧੱਕ ਦਿੱਤਾ ਜਾਂਦਾ ਹੈ। ਇਹ ਹਾਸ਼ੀਆ 'ਅਕਾਦਮਿਕ ਚਿੰਤਨ' ਦੀ ਸਿਰਜੀ ਹੋਈ 'ਸੱਤਾ' ਦਾ ਹੈ। ਜਿਸ ਗਿਆਨ ਅਧਾਰਿਤ ਥਿਊਰੀ ਰਾਹੀਂ ਕਵਿਤਾ ਦੀ ਤਾਸੀਰ/ਵਿਵਹਾਰਿਕਤਾ ਨੂੰ ਸਮਝਿਆ ਜਾਂਦਾ ਹੈ ਤਾਂ ਸੁਭਾਵਿਕ ਹੈ ਕਿ ਇਸ ਥਿਊਰੀ ਦੇ ਚੌਖਟੇ ਪੱਖੋਂ 'ਪੰਜਾਬ ਦੇ ਮੂਲ ਸੱਭਿਆਚਾਰਕ ਪਛਾਣ' ਦੀ ਗੱਲ ਕਰਨ ਵਾਲੇ ਸਿਰਜਕ ਜਾਂ ਤਾਂ ਰੱਦ ਕੀਤੇ ਜਾਣਗੇ ਜਾਂ ਫਿਰ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾਵੇਗਾ। ਇਸ ਨੁਕਤੇ ਦੀ ਰਾਜਨੀਤੀ ਸਮਝਣ ਲਈ ਮਿਸਾਲ ਵਜੋਂ ਇਨ੍ਹਾਂ ਸਮਿਆਂ ਵਿੱਚ ਪੰਜਾਬ ਨਾਲ ਸਬੰਧਿਤ ਕਵਿਤਾ ਜਿਸਨੂੰ ਚਿੰਤਨ 'ਸੰਕਟ' ਆਖ ਸੰਬੋਧਨ ਹੋ ਰਿਹਾ ਹੈ। ਅਸਲ ਵਿੱਚ ਜਦੋਂ ਪੰਜਾਬ ਨਾਲ ਸਬੰਧਿਤ 'ਪਛਾਣ' ਨੂੰ ਚਿੰਤਨ ਸੰਬੋਧਨ ਹੁੰਦਾ ਹੈ ਤਾਂ ਉਹ ਇਸ ਨੂੰ 'ਬਲਿਊ ਸਟਾਰ', 'ਸੰਕਟ' 'ਨੀਲਾ ਤਾਰਾ' ਆਖਦਾ ਹੈ। ਇਹ ਸ਼ਬਦ ਸੱਤਾ ਵੱਲੋਂ ਘੜ੍ਹੇ ਚਿੰਨ੍ਹ ਹਨ ਜਿਹੜੇ 'ਨਸਲਕੁਸੀ' ਨੂੰ 'ਦੰਗਿਆਂ' ਤੱਕ ਸੀਮਤ ਕਰ ਦਿੰਦੇ ਹਨ। ਮਸਲਾ ਇਹ ਹੈ ਕਿ ਇਸ ਪਹੁੰਚ ਨੂੰ ਅਚੇਤ/ਸੁਚੇਤ ਵਾਰ ਵਾਰ ਦੁਹਰਾਇਆ ਜਾਂਦਾ ਹੈ। ਅਮਰਜੀਤ ਚੰਦਨ ਇਸ ਵਰਤਾਰੇ ਨੂੰ ਸਮਝਦਾ ਲਿਖਦਾ ਹੈ ਕਿ ਨੀਲਾ ਤਾਰਾ ਸ਼ਬਦ ਭਾਸ਼ਾ ਦੀ ਹਿੰਸਾ ਦੀ ਉੱਤਮ ਮਿਸਾਲ ਹੈ। ਪਹਿਲਾਂ ਸੋਚ ਨਾਲ, ਫੇਰ ਸ਼ਬਦ ਨਾਲ ਕੀਤਾ ਬਲਾਤਕਾਰ; ਫੇਰ ਉਹਦੇ ਅਰਥ ਨਾਲ ਕੀਤਾ ਅਨਰਥ। ਤਦ ਉਪਰੰਤ ਨਾ ਸ਼ਬਦ ਨੀਲਾ ਨੀਲਾ ਰਹਿ ਗਿਆ; ਤੇ ਨਾ ਤਾਰਾ ਤਾਰਾ। ਹਰਿਭਜਨ ਸਿੰਘ ਨਜ਼ਮ ਜਾਂ ਵਾਰਤਕ ਵਿੱਚ ਜੂਨ ਚੁਰਾਸੀ ਜਾਂ ਨਵੰਬਰ ਚੁਰਾਸੀ ਦੀ ਗੱਲ ਕਰਦਾ ਹੈ ਤਾਂ ਉਹ ਦੰਗਾ ਸ਼ਬਦ ਵਰਤਦਾ ਹੈ। ਮਿਸਾਲ ਵਜੋਂ - 'ਚੁਰਾਸੀ ਦੇ ਦੰਗੇ ਮੇਰੀ ਮਾਨਸਿਕਤਾ ਨੂੰ ਲਲਕਾਰ ਰਹੇ ਸਨ।' ਜਾਂ 'ਦੰਗਿਆਂ ਤੋਂ

ਬਾਦ ਜਦੋਂ ਸਿੱਖ ਦਿੱਲੀ ਛੱਡ ਕੇ ਪੰਜਾਬ ਜਾਣ ਲੱਗ ਪਏ ਤਾਂ ਮੈਨੂੰ ਇਤਿਹਾਸ ਭਾਰਤ ਦੇ ਵਿਰੁੱਧ ਬੇਪਰਤੀਤੀ ਦਾ ਮਤਾ ਪਾਸ ਕਰਦਾ ਪ੍ਰਤੱਖ ਹੋਇਆ।' ਜਦੋਂ ਹਰਿਭਜਨ ਸਿੰਘ ਵਰਗਾ ਸ਼ਾਇਰ ਚਿੰਤਕ ਇਸ ਸ਼ਬਦ ਸਿਆਸਤ ਤੋਂ ਜਾਣੂ ਹੁੰਦਾ ਹੋਇਆ ਵੀ ਦੰਗਾ, ਨੀਲਾ ਤਾਰਾ, ਸੰਕਟ ਸ਼ਬਦ ਵਰਤਦਾ ਹੈ ਤਾਂ ਸੁਭਾਵਿਕ ਹੈ ਉਸ ਦੌਰ ਵਿੱਚ 'ਪਛਾਣ' ਦਾ ਸੁਆਲ ਕਿਸ ਸਿਆਸਤ ਤਹਿਤ ਅਕਾਦਮਿਕਤਾਂ ਤੋਂ ਦੂਰ ਰੱਖਿਆ ਜਾਂਦਾ ਹੈ।ਪੰਜਾਬੀ ਆਲੋਚਕਾਂ/ਸਿਰਜਕਾਂ ਦੀ ਦੁਵਿਧਾ ਲਈ ਇਹ ਤਿੰਨੋਂ ਸ਼ਬਦ ਠੀਕ ਹਨ ਇਹ ਸ਼ਬਦ ਸਿੱਖ ਚਿੰਤਕ ਵੀ ਵਾਰ ਵਾਰ ਵਰਤਦੇ ਹਨ। ਸ਼ਬਦਾਂ/ਚਿੰਨ੍ਹਾਂ ਨਾਲ ਜੁੜੇ ਵਰਤਾਰਿਆਂ ਦੀ ਧਰਾਤਲੀ 'ਸੱਭਿਆਚਾਰਕ ਪਛਾਣ' ਇਸ ਸਿਆਸਤ ਤਹਿਤ ਉਲਟਾਈ ਜਾਂਦੀ ਹੈ। ਅਸਲ ਵਿੱਚ ਇਹ ਅਕਾਦਮਿਕ ਚਿੰਤਨ ਦਾ ਵਿਚਾਰਧਾਰਕ ਦਾਬਾ ਹੈ ਜਿਸਨੂੰ ਗ੍ਰਾਮਸ਼ੀ ਰਾਹੀਂ ਸਮਝਿਆ ਜਾ ਸਕਦਾ ਹੈ। ਗ੍ਰਾਮਸ਼ੀ ਜਿਸ ਤਰ੍ਹਾਂ ਦੇ ਵਿਚਾਰਧਾਰਾਈ ਦਾਬੇ ਦੀ ਗੱਲ ਕਰਦਾ ਹੈ ਜਾਂ ਅਲਥਿਊਸਰ ਸੱਤਾ ਦੇ ਦਮਨਕਾਰੀ ਰਵੱਈਏ ਨੂੰ ਕੇਂਦਰ ਵਿੱਚ ਰੱਖ ਕੇ ਜਿਹੜੀ ਨਿਸ਼ਾਨਦੇਹੀ ਕਰਦਾ ਹੈ ਕਿ ਸੱਤਾ ਪ੍ਰਵਚਨ ਕਿਸ ਤਰੀਕੇ ਨਾਲ ਦਖਲ ਦਿੰਦਾ ਹੈ ਉਸਨੂੰ ਸਮਝਣਾ ਬੜਾ ਜ਼ਰੂਰੀ ਹੈ। ਕਿਸੇ ਖਿੱਤੇ ਦੇ ਧਰਾਤਲ ਤੇ ਖਾਸ ਸਮੇਂ ਵਾਪਰੀਆਂ ਖਾਸ ਘਟਨਾਵਾਂ ਨੂੰ ਸਿਰਜਕ ਸਮਝਦਾ ਕਿਵੇਂ ਹੈ? ਇਹ ਸਵਾਲ ਲੋਕ ਵਿਰੋਧੀ ਜਾਂ ਲੋਕ ਹਿਤ ਦੀ ਭੂਮਿਕਾ ਨਿਭਾਉਂਦਾ ਹੈ। ਸੱਤਾ ਆਪਣਾ ਦਖਲ ਸਿਰਜਕ ਅੰਦਰ ਕਿਵੇਂ ਕਰਦੀ ਹੈ? ਇੱਥੋਂ ਸਮਝ ਪੈਂਦਾ ਹੈ ਕਿ ਸੱਤਾ ਦੇ ਦਮਨਕਾਰੀ ਸੰਦਾਂ ਦੇ ਸਮਾਂਨਾਤਰ ਗੈਰ ਦਮਨਕਾਰੀ ਸੰਦ ਬਰਾਬਰ ਦੀ ਭੂਮਿਕਾ ਨਿਭਾਉਂਦੇ ਹਨ। ਇਸ ਨੁਕਤੇ ਤੋਂ ਜਦੋਂ ਅਸੀਂ ਅਠੱਤਰ ਦੀ ਵਿਸਾਖੀ ਤੋਂ ਬਾਅਦ ਜਾਂ ਚੁਰਾਸੀ ਦੇ ਸਮੇਂ ਬਾਰੇ ਲਿਖੀ ਪੰਜਾਬੀ ਕਵਿਤਾ ਨੂੰ ਕੇਂਦਰ ਵਿੱਚ ਰਾਇ ਬਣਾਉਂਦੇ ਹਾਂ ਤਾਂ ਸਾਡੇ ਸਾਹਮਣੇ ਪੰਜਾਬ ਦੀ ਸੱਭਿਆਚਾਰਕ ਪਛਾਣ ਵਜੋਂ 'ਅਕਾਲ ਤਖਤ' ਆਉਂਦਾ ਹੈ। ਇਸ ਨੂੰ ਪੰਜਾਬ ਦੀ ਪਛਾਣ/ਆਸ਼ਿਕੀ ਵਜੋਂ ਵੇਖਣਾ ਜਿਆਦਾ ਠੀਕ ਹੈ। ਗੁਰਭਗਤ ਸਿੰਘ ਜਦੋਂ ਸੱਭਿਆਚਾਰ ਦੇ ਪ੍ਰਮੁੱਖ ਚਿੰਨ੍ਹ ਦੀ ਨਿਸ਼ਾਨਦੇਹੀ ਕਰਦੇ ਹਨ ਤਾਂ ਉਹ "ਪੰਜਾਬੀ ਸੱਭਿਆਚਾਰ ਦਾ ਪ੍ਰਮੁੱਖ ਚਿੰਨ੍ਹ ਆਸ਼ਿਕੀ ਹੈ। ਬਾਬਾ ਫਰੀਦ ਦੇ ਸਲੋਕਾਂ ਵਿੱਚ ਇਸ ਨੂੰ "ਨੇਹੁ" ਆਖਿਆ ਗਿਆ ਹੈ। ਇਹ "ਨੇਹੁ" ਵਚਨਬੱਧਤਾ ਦੀ ਇੰਤਹਾ ਹੈ। ਜੇ ਮੀਂਹ ਪੈਂਦਾ ਹੋਵੇ, ਕੰਬਲੀ ਭਿੱਜ ਜਾਵੇ ਤਾਂ ਵੀ ਉਸ ਪ੍ਰਿਯ ਨੂੰ ਮਿਲਣਾ ਜ਼ਰੂਰ ਹੈ, ਨਹੀਂ ਤਾਂ "ਨੇਹੁ" ਟੁੱਟ ਜਾਵੇਗਾ।"[7] ਹੁਣ ਅਕਾਦਮਿਕ ਚਿੰਤਨ ਜਿਹੜਾ ਭਾਰੂ ਰਿਹਾ ਹੈ, ਜਦੋਂ ਪੰਜਾਬ ਦੇ ਸੱਭਿਆਚਾਰਕ ਪਛਾਣ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦਾ ਹੈ ਤਾਂ ਉਹ "ਆਸ਼ਿਕੀ" ਜਿਹੜੀ ਦਾ ਕੇਂਦਰ ਗੁਰੂ ਗ੍ਰੰਥ ਸਾਹਿਬ ਬਣਦਾ ਹੈ, ਨੂੰ ਮਨਫੀ ਕਰ ਦਿੰਦਾ ਹੈ ਕਿਉਂਕਿ ਸਾਡੇ ਕੋਲ ਸੱਭਿਆਚਾਰ ਨੂੰ ਸਮਝਣ ਲਈ ਪਦਾਰਥਵਾਦੀ ਪਹੁੰਚ ਹੈ। ਇੱਥੋਂ ਸਮਝ ਪੈਂਦਾ ਹੈ ਕਿ ਵਿਆਖਿਆ ਦੀ ਸੱਤਾ ਖਤਰਨਾਕ ਹੁੰਦੀ ਹੈ। ਮਕਸਦੀ ਵਿਆਖਿਆ

ਮਸਲੇ ਦੇ ਮੂਲ ਨੂੰ ਫੜ੍ਹਦੀ ਨਹੀਂ। ਮਾਰਕਸ ਆਖਦਾ ਹੈ ਹਾਕਮ ਵਰਗ ਆਪਣੀ ਵਿਚਾਰਧਾਰਾ ਨੂੰ ਥੋਪਣ ਲਈ ਕਾਇਦੇ ਕਨੂੰਨ ਅਤੇ ਹੋਰ ਨਿਯਮ ਘੜਦਾ ਹੈ। ਕਾਇਦੇ ਕਨੂੰਨ ਅਨੁਸ਼ਾਸਨੀ ਦੇਹ ਤਿਆਰ ਕਰਦੇ ਹਨ। ਅਨੁਸ਼ਾਸਨੀ ਦੇਹ ਗੁਲਾਮੀ ਦਾ ਪਿੰਜਰੇ ਵਿੱਚ ਰਹਿ ਕੇ ਜਸ਼ਨ ਮਨਾਉਂਦੀ ਹੈ। ਇਹ ਜਸ਼ਨ ਸੱਤਾ ਪ੍ਰਬੰਧ ਨੂੰ ਜਸਟੀਫਾਈ ਕਰਦੇ ਹਨ। ਜਿੱਥੋਂ ਮੂਲ ਖਤਮ ਹੁੰਦਾ ਹੈ। ਇਹ ਮੂਲ ਨਾਲ ਸਾਡੇ ਮਸਲੇ ਦਾ ਕੀ ਸਬੰਧ ਹੈ? ਫੂਕੋ ਅਤੇ ਅਲਥਿਊਸਰ ਪੜ੍ਹਦਿਆਂ ਸੱਤਾ ਦੀ ਸਮਝ ਪੈਂਦੀ ਹੈ। ਦਮਨਕਾਰੀ ਉਪਕਰਨਾਂ ਨਾਲੋਂ ਗੈਰ ਦਮਨਕਾਰੀ ਉਪਕਰਨ ਖਤਰਨਾਕ ਹੁੰਦੇ ਹਨ। ਸੱਤਾ ਦਾ ਏਜੰਡਾ ਕੀ ਹੈ? ਇਸ ਏਜੰਡੇ ਦਾ ਮੂਲ ਫੋਕਸ ਕੀ ਹੈ? ਜਦੋਂ ਏਜੰਡਾ ਦਮਨਕਾਰੀ ਉਪਕਰਨ ਤੋਂ ਆਉਂਦਾ ਹੈ ਤਾਂ ਸਵਾਲ ਸਿਰ ਚੁੱਕਦੇ ਹਨ। ਜਦੋਂ ਗੈਰ ਦਮਨਕਾਰੀ ਪੱਖ ਤੋਂ ਆਉਂਦਾ ਹੈ ਤਾਂ ਬਹੁਤੀਆਂ ਥਾਵਾਂ ਤੇ ਸਮਝੌਤਾ ਹੁੰਦਾ ਹੈ। ਚੁਰਾਸੀ ਨਾਲ ਸਬੰਧਿਤ ਜਿਹੜਾ ਪ੍ਰਵਚਨ ਉਸਰਿਆ ਉਸ ਦਾ ਸੰਕਟ ਹੈ। ਇਸ ਦੌਰ ਵਿੱਚ ਸ਼ਾਇਰੀ ਨੇ ਅਕਾਲ ਤਖਤ ਦੀ ਸਿਰਮੌਰਤਾ ਸਮਝੀ ਨਹੀਂ, ਜਾਂ ਸਮਝ ਤੋਂ ਪਾਰ ਰਹੀ। ਅਸਲ ਵਿੱਚ ਇਸ ਦੌਰ ਵਿੱਚ ਲਿਖੀ ਬਹੁਤੀ ਕਵਿਤਾ ਜਿਸਨੂੰ ਜੇਮਸਨ ਦੀ ਭਾਸ਼ਾ ਵਿੱਚ "ਡੈਪਥਲੈੱਸ"[8] ਕਿਹਾ ਜਾ ਸਕਦਾ ਹੈ। ਇਹ ਬੜੀ ਸਤਹੀ ਕਿਸਮ ਦੀ ਗੱਲ ਸਾਹਮਣੇ ਲਿਆਉਂਦੀ ਹੈ। ਡਾ. ਗੁਰਭਗਤ ਸਿੰਘ ਅਨੁਸਾਰ 'ਸਿੱਖ ਸਿਮਰਤੀ ਅਤੇ ਆਚਾਰ, ਸ੍ਰੀ ਅਕਾਲ ਤਖਤ ਸਾਹਿਬ ਦੀਆਂ ਦੋ ਖੜਗਾਂ ਨੇ ਹੀ ਸਿਰਜੇ ਹਨ। ਇਸ ਸੰਸਥਾ ਨੂੰ ਪੂਰੇ ਸਿੱਖ ਇਤਿਹਾਸ ਨਾਲ ਜੁੜੇ ਸਿੱਖਾਂ ਦੀ ਸਿਮਰਤੀ ਅਤੇ ਆਚਾਰ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅਕਾਲ ਤਖਤ ਸਾਹਿਬ ਸਿੱਖਾਂ ਦੀ ਕੌਮੀ ਅਤੇ ਸੱਭਿਆਚਾਰਕ ਹਸਤੀ ਦਾ ਪ੍ਰਤੀਕ ਹੈ। ਇਸ ਪ੍ਰਤੀਕ ਨੇ ਸਿੱਖਾਂ ਦੀ ਪ੍ਰਾਥਮਿਕਤਾ ਬਦਲੀ ਹੈ। ਉਸ ਨਾਲ ਇਤਿਹਾਸ ਵਿੱਚ ਉਨ੍ਹਾਂ ਨੂੰ ਮਨ ਅਤੇ ਦੇਹ ਦੀ ਗੁਆਚੀ ਹੋਈ ਸੁਤੰਤਰਤਾ ਵਾਪਸ ਮਿਲੀ ਹੈ ਅਤੇ ਉਨ੍ਹਾਂ ਨੇ ਨਵਾਂ ਇਤਿਹਾਸ ਰਚਿਆ ਹੈ ਜੋ ਕੇਵਲ ਸਿੱਖ ਇਤਿਹਾਸ ਨਹੀਂ, ਪੰਜਾਬ ਅਤੇ ਮਨੁੱਖ ਦਾ ਇਤਿਹਾਸ ਹੈ। ....ਸਿੱਖ ਹਸਤੀ ਨੂੰ ਇਸ ਸੰਸਥਾ ਨਾਲੋਂ ਤੋੜਨ ਦਾ ਅਰਥ ਸਿੱਖ ਹਸਤੀ ਨੂੰ ਮਿਟਾਉਣਾ ਹੈ।'[9] ਇਹ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਧਾਨ ਅਨੁਸਾਰ ਚੱਲਦੀ ਹੈ। ਪੰਜਾਬੀ ਸ਼ਾਇਰੀ ਇਸ ਨੂੰ ਸਮਝ ਨਹੀਂ ਸਕੀ ਇਸ ਲਈ ਪੰਜਾਬੀ ਸ਼ਾਇਰ ਅਕਾਲ ਤਖਤ ਸਾਹਿਬ ਨੂੰ 'ਇਮਾਰਤੀ ਦੇਹ' ਵਜੋਂ ਵੇਖਦਾ ਹੈ। 'ਦੇਹ' ਦਾ ਆਪਣਾ ਵਿਧੀ ਵਿਧਾਨ ਹੁੰਦਾ ਹੈ। ਜਦੋਂ ਅਸੀਂ ਇਨ੍ਹਾਂ ਸਮਿਆਂ ਵਿੱਚ ਹਰਿੰਦਰ ਸਿੰਘ ਮਹਿਬੂਬ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਮਸਲੇ ਸਮਝ ਪੈਂਦੇ ਹਨ। ਲਿਉਤਾਰਦ ਦੀ ਭਾਸ਼ਾ ਵਿੱਚ ਕਹਿਣਾ ਹੋਵੇ ਤਾਂ ਉਹ ਸਮੱਗਰਵਾਦੀ ਨਹੀਂ ਬਣਨ ਦਿੰਦਾ। ਉਸਦੀ ਪਿਠਭੂਮੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਹਨ। ਡਾ. ਗੁਰਭਗਤ ਸਿੰਘ ਅਨੁਸਾਰ "ਪੰਜਾਬ ਵਿੱਚ "ਗੁਰੂ ਗ੍ਰੰਥ ਸਾਹਿਬ" ਅਤੇ "ਦਸਮ

ਗ੍ਰੰਥ" ਦੋ ਅਜਿਹੀਆਂ ਰਚਨਾਵਾਂ ਮੌਜੂਦ ਹਨ ਜਿੰਨ੍ਹਾਂ ਵਿੱਚ ਬਹੁਤੇ ਸੱਭਿਆਚਾਰਾਂ ਦੇ ਚਿੰਨ੍ਹ ਵਿਧਾਨ ਵਰਤ ਕੇ ਪਰਵਚਨ ਉਸਾਰਿਆ ਗਿਆ ਹੈ। ਇਸ ਨਾਲ ਪਰਮ-ਚਿੰਨ੍ਹ "ਵਾਹਿਗੁਰੂ" ਜਾਂ "ਅਕਾਲ ਪੁਰਖ" ਨੂੰ ਵੀ ਸਮੱਗਰਵਾਦੀ ਨਹੀਂ ਬਣਨ ਦਿੱਤਾ ਗਿਆ।"[10] ਜਾਂ ਨਵੀਂ ਕਵਿਤਾ ਵਿੱਚ ਅਮਰਦੀਪ ਸਿੰਘ ਗਿੱਲ, ਹਰਮਨਜੀਤ ਸਿੰਘ, ਪਰਮਵੀਰ ਸਿੰਘ ਨੂੰ ਪੜ੍ਹਦੇ ਹਾਂ ਤਾਂ ਇਸ ਵਿਗਾਸ ਦੀ ਥੋੜੀ ਸਮਝ ਪੈਂਦੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਹ 'ਪਛਾਣ' ਦੀ ਗੱਲ ਕਰਨ ਵਾਲੇ ਸ਼ਾਇਰ ਅਣਗੌਲੇ ਕੀਤੇ ਜਾਂਦੇ ਹਨ।

## ਹਵਾਲੇ ਅਤੇ ਟਿੱਪਣੀਆਂ

---

[1] ਵਿੱਕੀਪੀਡੀਆ

[2] ਗੁਰਭਗਤ ਸਿੰਘ, ਵਿਸਮਾਦੀ ਪੂੰਜੀ, ਪੰਨਾ 13-14

[3] ਉਹੀ, ਪੰਨਾ -14

[4] ਗੁਰਭਗਤ ਸਿੰਘ, ਉੱਤਰਆਧੁਨਿਕਵਾਦ, ਪੰਨਾ – 12

[5] ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਪੰਨਾ-425

[6] ਉਧਰਿਤ, ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਪੰਨਾ-179

[7] ਗੁਰਭਗਤ ਸਿੰਘ, ਵਿਸਮਾਦੀ ਪੂੰਜੀ, ਪੰਨਾ – 20

[8] ਗੁਰਭਗਤ ਸਿੰਘ, ਉਤਰਆਧੁਨਿਕਵਾਦ, ਪੰਨਾ – 15

[9] ਅਜਮੇਰ ਸਿੰਘ (ਸੰਪਾ.), ਸਿੱਖ ਦ੍ਰਿਸ਼ਟੀ ਦਾ ਗੌਰਵ, ਪੰਨਾ – 31

[10] ਗੁਰਭਗਤ ਸਿੰਘ, ਉਤਰਆਧੁਨਿਕਵਾਦ, ਪੰਨਾ – 19